ਪ੍ਰੋ.ਕੁਲਜੀਤ ਕੌਰ
ਪੰਜਾਬੀ ਵਿਭਾਗ

# ਗੁਰੂ ਨਾਨਕ ਦੇਵ ਜੀ:ਜੀਵਨ ਅਤੇ ਰਚਨਾ

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਇਆ।

- ਗੁਰੂ ਨਾਨਕ ਦੇਵ ਜੀ ਸਿਖ ਮਤ ਦੇ ਪਹਿਲੇ ਗੁਰੂ ਅਤੇ ਸੰਸਥਾਪਕ ਸਨ। ਓਹਨਾਂ ਦਾ ਜਨਮ ਅਜਿਹੇ ਸਮੇਂ ਵਿਚ ਹੋਇਆ ਜਦੋਂ ਦੇਸ਼ ਵਿਚ ਮੁਸਲਮਾਨ ਰਾਜ ਕਰ ਰਹੇ ਸਨ। ਓਹਨਾਂ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਹਿੰਦੂ ਭਾਸ ਤ੍ਰਾਸ ਕਰ ਰਹੇ ਸਨ। ਹਿੰਦੂ ਅਤੇ ਮੁਸਲਮਾਨ ਦੋਵੇਂ ਧਾਰਮਿਕ ਅਡੰਬਰਾਂ ਵਿਚ ਪੈ ਕੇ ਇਕ ਦੂਜੇ ਦੇ ਖੂਨ ਦੇ ਪਿਆਰੇ ਹੋ ਰਹੇ ਸਨ। ਅਜਿਹੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਜਨਮ ਲੈ ਕੇ ਆਮ ਜਨਤਾ ਨੂੰ ਧਰਮ ਦਾ ਸਚਾ ਰਾਹ ਵਿਖਾਇਆ।

- ਗੁਰੂ ਨਾਨਕ ਦੇਵ ਜੀ ਦਾ ਜਨਮ ਸੰਮਤ 1526 ਦੀ ਕਤਕ ਦੀ ਪੂਰਨਮਾਸ਼ੀ ਨੂੰ ਜ਼ਿਲਾ ਸ਼ੇਖੂਪੁਰਾ ਦੇ ਇਕ ਪਿੰਡ ਤਲਵੰਡੀ ਵਿਖੇ ਹੋਇਆ। ਇਹ ਸਥਾਨ ਬਾਅਦ ਵਿਚ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੋ ਗਿਆ। ਪਾਕਿਸਤਾਨ ਦੇ ਬਣ ਜਾਣ ਦੇ ਕਾਰਣ ਇਹ ਖੇਤਰ ਪਛਮੀ ਪਾਕਿਸਤਾਨ ਵਿਚ ਚਲਾ ਗਿਆ ਹੈ।

- ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਂ ਕਲਿਆਣ ਚੰਦ ਜਾਂ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਬਾਲਕ ਨਾਨਕ ਦਾ ਬਚਪਨ ਨਿਰਾਲਾ ਸੀ।

- ਨਾਨਕ ਜੀ ਨੂੰ ਜਦੋਂ ਪਹਿਲੇ ਦਿਨ ਪੜ੍ਹਨ ਲਈ ਭੇਜਿਆ ਗਿਆ ਤਾਂ ਉਹਨਾਂ ਅਧਿਆਪਕ ਤੋਂ ਪੁਛਿਆ ਕਿ ਤੁਸੀਂ ਕੀ ਪੜਿਆ ਹੋਇਆ ਹੈ ? ਅਧਿਆਪਕ ਨੇ ਉਹ ਸਾਰੇ ਵਿਸ਼ੇ ਦਸ ਦਿੱਤੇ ਜੋ ਉਸਨੇ ਪੜੇ ਹੋਏ ਸਨ। ਗੁਰੂ ਨਾਨਕ ਦੇਵ ਜੀ ਨੂੰ ਅਧਿਆਪਕ ਦੇ ਵਿਸ਼ੇ ਸੁਣ ਕੇ ਬੜੀ ਨਿਰਾਸ਼ਾ ਹੋਈ ਕਿਉਂਕਿ ਉਹ ਈਸ਼ੱਵਰ ਦੇ ਬਾਬਤ ਕੁਝ ਵੀ ਨਹੀਂ ਸੀ ਜਾਣਦਾ। ਕਹਿੰਦੇ ਹਨ ਕਿ ਉਹ ਇਸਦੇ ਬਾਅਦ ਕਿਤੇ ਵੀ ਪੜ੍ਹਨ ਲਈ ਨਹੀਂ ਗਏ । ਘਰ ਵਾਲਿਆਂ ਨੇ ਪੜ੍ਹਾਈ ਵਿਚ ਉਹਨਾਂ ਦੀ ਰੁਚੀ ਨਾ ਦੇਖ ਕੇ ਪਸ਼ੂ ਚਰਾਉਣ ਦਾ ਕੰਮ ਉਹਨਾਂ ਨੂੰ ਦੇ ਦਿੱਤਾ। ਨਾਨਕ ਪਸ਼ੂਆਂ ਨੂੰ ਚਰਾਉਣ ਬਾਹਰ ਚਲੇ ਜਾਂਦੇ ਤੇ ਆਪ ਆਪਣੇ ਵਿਚਾਰਾਂ ਵਿਚ ਗੁਮ ਹੋਏ ਰਹਿੰਦਾ। ਪਸ਼ੂ ਲੋਕਾਂ ਦੇ ਖੇਤ ਨਸ਼ਟ ਕਰ ਦਿੰਦੇ।ਪਿਤਾ ਦੇ ਕੋਲ ਸ਼ਿਕਾਇਤਾਂ ਆਈਆਂ। ਬਾਲਕ ਨਾਨਕ ਨੂੰ ਡਾਂਟਿਆ ਗਿਆ, ਲੇਕਿਨ ਜਦੋਂ ਖੇਤ ਦੇਖ ਤਾ ਉਸੇ ਤਰ੍ਹਾਂ ਹਰ ਭਰੇ ਸਨ।

- 15 ਵਰੇ ਦੀ ਉਮਰ ਵਿਚ ਆਪ ਦਾ ਵਿਆਹ ਬੀਬੀ ਸੁਲਖਣੀ ਨਾਲ ਕਰ ਦਿੱਤਾ ਗਿਆ। ਉਹਨਾਂ ਦੇ ਸ੍ਰੀ ਚੰਦ ਅਤੇ ਲਖਮੀ ਚੰਦ ਨਾਂ ਦੇ ਦੋ ਲੜਕੇ ਹੀ ਹੋਏ ਲੇਕਿਨ ਨਾਨਕ ਦਾ ਮਨ ਇਹਨਾਂ ਸੰਸਾਰਿਕ ਧੰਦਿਆਂ ਵਿਚ ਨਹੀਂ ਲਗਦਾ ਸੀ। ਪਤਾ ਉਹਨਾਂ ਨੂੰ ਇਕ ਚੰਗਾ ਵਪਾਰੀ ਬਣਾਉਣਾ ਚਾਹੁੰਦੇ ਸਨ। ਉਹਨਾਂ ਇਕ ਵਾਰੀ ਨਾਨਕ ਜੀ ਨੂੰ 20 ਰੁਪੈ ਦਿੱਤੇ, ਆਪਣੇ ਇਕ ਨੌਕਰ ਨੂੰ ਵੀ ਨਾਲ ਭੇਜ ਦਿੱਤਾ ਅਤੇ ਨਾਨਕ ਨੂੰ ਕਿਹਾ ਕਿ ਜਾਉ ਅਤੇ ਕੋਈ ਚੰਗਾ ਜਿਹਾ ਸੌਦਾ ਕਰਕੇ ਆਉ।ਨਾਨਕ ਨੌਕਰ ਨੂੰ ਲੈ ਕੇ ਘਰੋਂ ਨਿਕਲ ਪਏ। ਅਜੇ ਕੁਝ ਹੀ ਦੂਰ ਗਏ ਸਨ ਕਿ ਉਹਨਾਂ ਨੂੰ ਸਾਧੂਆਂ ਦੀ ਇਕ ਟੋਲੀ ਮਿਲੀ ਜਿਹੜੀ ਭੋਜਨ ਦੀ ਤਲਾਸ਼ ਵਿਚ ਸੀ। ਨਾਨਕ ਨੇ ਨੌਕਰ ਨੂੰ 20 ਰੁਪੇ ਦਿੱਤੇ ਅਤੇ ਭੋਜਨ ਦਾ ਕਾਫੀ ਸਮਾਨ ਮੰਗਵਾ ਲਿਆ। ਸਾਧੂਆਂ ਨੂੰ ਭੋਜਨ ਕਰਵਾ ਕੇ ਨਾਨਕ ਘਰ ਵਾਪਸ ਆ ਗਏ। ਪਿਤਾ ਨੇ ਨਾਨਕ ਕੋਲੋਂ ਹਿਸਾਬ ਮੰਗਿਆ। ਇਸ ਤਰ੍ਹਾਂ ਧੰਨ ਨੂੰ ਨਸ਼ਟ ਕਰਕੇ ਆਏ ਪਤਰ ਤੇ ਪਿਤਾ ਨੂੰ ਬੜਾ ਗੁੱਸਾ ਆਇਆ। ਪਰ ਨਾਨਕ ਤਾਂ ਸੱਚਾ ਸੌਦਾ ਕਰਕੇ ਆਏ ਸਨ।

- ਪਿਤਾ ਪੁੱਤਰ ਤੋਂ ਕਾਫ਼ੀ ਨਿਰਾਸ ਹੋ ਚੁਕੇ ਸਨ। ਉਹਨਾਂ ਹਾਰ ਕੇ ਨਾਨਕ ਨੂੰ ਉਹਨਾਂ ਦੀ ਭੈਣ ਬੀਬੀ ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ। ਨਾਨਕ ਉਥੇ ਨਵਾਬ ਦੇ ਮੋਦੀ ਖਾਨੇ ਵਿਚ ਕੰਮ ਕਰਨ ਲੱਗੇ। ਕਹਿੰਦੇ ਹਨ ਕਿ ਲੋਕਾਂ ਨੂੰ ਚੀਜ਼ਾਂ ਵੰਡਦੇ ਸਮੇਂ ਮੈਂ ਤੇਰਾ ਮੈਂ ਤੇਰਾ ਕਹਿੰਦੇ ਕਹਿੰਦੇ ਕਾਫੀ ਵੰਡ ਦਿਆ ਕਰਦੇ ਸਨ। ਨਵਾਬ ਦੌਲਤ ਖਾਂ ਲੋਧੀ ਦੇ ਕੋਲ ਕਿਸੇ ਨੇ ਸ਼ਿਕਾਇਤ ਕੀਤੀ। ਇਕ ਦਿਨ ਜਾਚ ਪੜਤਾਲ ਕਰਵਾਈ ਗਈ। ਕੁਝ ਵੀ ਫਰਕ ਨਹੀਂ ਨਿਕਲਿਆ। ਸ਼ਿਕਾਇਤ ਕਰਨ ਵਾਲੇ ਸ਼ਰਮਿੰਦਾ ਹੋ ਕੇ ਰਹਿ ਗਏ।

- ਗੁਰੂ ਨਾਨਕ ਦੇਵ ਜੀ ਨੇ 12 ਵਰੇ ਤਕ ਗ੍ਰਿਸਥ ਜੀਵਨ ਦਾ ਪਾਲਣ ਕੀਤਾ। ਘਰ ਦਿਆ ਬੰਧਨਾਂ ਤੋਂ ਹੁਣ ਉਹਨਾਂ ਦਾ ਮਨ ਉਕਤਾ ਗਿਆ ਸੀ। ਉਹਨਾਂ ਦਾ ਜੀਵਨ ਤਾਂ ਲੋਕਾਂ ਦੇ ਕਲਿਆਣ ਲਈ ਸੀ। ਭਲਾ ਇਹਨਾਂ ਬੰਧਨਾਂ ਵਿਚ ਕਦੋਂ ਤਕ ਫ਼ਸੇ ਰਹਿੰਦੇ। ਇਕ ਵਾਰ ਨਦੀ ਵਿਚ ਇਸ਼ਨਾਨ ਕਰਕੇ ਹੋਏ ਆਪ ਨੂੰ ਬ੍ਰਹਮ ਦਰਸ਼ਨ ਹੋਇਆ। ਆਪ ਨੇ ਬ੍ਰਹਮ ਦਰਸ਼ਨ ਕਰਕੇ ਮਨੁਖੀ ਕਲਿਆਣ ਵਲ ਕਦਮ ਵਧਾ ਦਿੱਤਾ। ਆਪ ਨੇ ਚਾਰ ਉਦਾਸੀਆਂ ਕੀਤੀਆਂ। ਸੱਜਣ ਠੱਗ ਤੇ ਕੋਡੇ ਰਾਖਸ਼ ਜਿਹਾ ਦਾ ਉਧਾਰ ਕੀਤਾ।

- ਗੁਰੂ ਜੀ ਨੇ ਹਿੰਦੂ ਮੁਸਲਿਮ ਏਕਤਾ ਦੇ ਲਈ ਅਣਥਕ ਕੋਸ਼ਿਸ਼ਾਂ ਕੀਤੀਆਂ। ਉਹਨਾਂ ਦੀ ਭਾਸ਼ਾ ਵਿਚ ਦੋਹਾਂ ਧਰਮਾਂ ਦੀਆਂ ਬੁਰਾਈਆਂ ਦਾ ਖੰਡਨ ਕੀਤਾ। ਗੁਰੂ ਨਾਨਕ ਦੇਵ ਜੀ ਨੇ ਭਾਰਤ ਅਤੇ ਭਾਰਤ ਤੋਂ ਬਾਹਰ ਦੇਸ਼ਾਂ ਵਿਚ ਜਾ ਕੇ ਆਮ ਲੋਕਾਂ ਨੂੰ ਆਪਣੇ ਉਪਦੇਸ਼ਾਂ ਨਾਲ ਪ੍ਰਭਾਵਿਤ ਕੀਤਾ। ਗੁਰੂ ਜੀ ਦੀਆਂ ਸਿਖਿਆਵਾਂ ਬੜੀਆਂ ਆਸਾਨ ਸਨ। ਉਹ ਜਾਤ ਪਾਤ ਨੂੰ ਬੇਕਾਰ ਮੰਨਦੇ ਸਨ। ਤਿਲਕ, ਪਜਾ. ਯੱਗ ਆਦਿ ਉਹਨਾਂ ਦੀ ਨਜ਼ਰ ਵਿਚ ਸਾਰੇ ਬੈਂਕਾਰ ਸਨ। ਉਹ ਲੋਕਾਂ ਨੂੰ ਕੇਵਲ ਈਸ਼ਵਰ ਨੂੰ ਯਾਦ ਕਰਨ ਦਾ ਉਪਦੇਸ਼ ਦਿੰਦੇ ਸਨ। ਉਹਨਾਂ ਨੀਵੀਂ ਜਾਤ ਦੇ ਲੋਕਾਂ ਨੂੰ ਵੀ ਗਲੇ ਲਗਾਇਆ ਅਤੇ ਉਹਨਾਂ ਲਈ ਭਗਤੀ ਦਾ ਰਾਹ ਖੋਲ੍ਹ ਦਿੱਤਾ। ਗੁਰੂ ਜੀ ਜੀਵਨ ਭਰ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਰਹੇ। ਉਹਨਾਂ ਦੇ ਉਪਦੇਸ਼ ਸੀ। ਗੁਰੂ ਗਰੰਥ ਸਾਹਿਬ ਵਿਚ ਮਹੱਲਾ ਪਹਿਲਾ ਵਿਚ ਇਕਠੇ ਕੀਤੇ ਗਏ ਹਨ। ਗਰ ਨਾਨਕ ਦੇਵ ਜੀ ਸਤਰ ਵਰ੍ਹੇ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

# ਨਾਨਕ ਬਾਣੀ: ਸ਼ਬਦ, ਰਾਗ, ਰਬਾਬ

- ਮੱਧਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਪ੍ਰਭੂ ਭਗਤੀ' ਅਤੇ 'ਨਾਮ ਸਿਮਰਨ' ਲਈ ਧੁਰ ਕੀ ਬਾਣੀ ਦੇ ਅਨਹਦ ਰੂਪ ਨੂੰ ਨਾਦੀ ਬਣਾਉਂਦਿਆਂ 'ਰਾਗ ਸਹਿਤ' ਸ਼ਬਦ ਦੀ ਮਹਿਮਾ 'ਕੀਰਤਨ' ਦੇ ਰੂਪ ਵਿਚ ਕੀਤੀ। ਭਾਵੇਂ ਗੁਰੂ ਸਾਹਿਬ ਨੇ ਦਾਰਸ਼ਨਿਕ ਕਾਵਿ ਜਿਵੇਂ 'ਜਪੁ', ਸਲੋਕ-ਸਹਸਕ੍ਰਿਤੀ ਤੇ ਸਲੋਕ ਵਾਰਾਂ ਤੋਂ ਵਧੀਕ ਰਾਗ ਰਹਿਤ ਰਚੇ, ਪਰ ਉਨ੍ਹਾਂ ਵਿਚਲਾ ਦਰਸ਼ਨ ਆਲਾਪ ਵਾਂਗ ਵਿਚਾਰਧਾਰਾ ਨੂੰ ਉਜਾਗਰ ਕਰਦਾ ਹੈ ਜਿਸ ਵਿਚ ਉਨ੍ਹਾਂ ਦੀ ਸੰਗੀਤਕਤਾ ਅਤੇ ਪ੍ਰਗੀਤਕਤਾ ਦੀ ਆਪਣੀ ਮਿਕਨਾਤੀਸੀ ਹੈ।

# ਸਿੱਖਿਆਵਾਂ

- ਪ੍ਰਸਿੱਧ ਪਰੰਪਰਾ ਦੁਆਰਾ, ਨਾਨਕ ਦੀ ਸਿੱਖਿਆ ਨੂੰ ਤਿੰਨ ਤਰੀਕਿਆਂ ਨਾਲ ਮੰਨਿਆ ਜਾਂਦਾ ਹੈ:
- ਵੰਡ ਛਕੋ : ਦੂਜਿਆਂ ਨਾਲ ਸਾਂਝਾ ਕਰਨਾ, ਉਨ੍ਹਾਂ ਦੀ ਸਹਾਇਤਾ ਕਰੋ ਜਿਨ੍ਹਾਂ ਨੂੰ ਜ਼ਰੂਰਤ ਹੈ।
- ਕਿਰਤ ਕਰੋ : ਬਿਨਾਂ ਕਿਸੇ ਸ਼ੋਸ਼ਣ ਜਾਂ ਧੋਖਾਧੜੀ ਦੇ ਈਮਾਨਦਾਰੀ ਨਾਲ ਜ਼ਿੰਦਗੀ ਕਮਾਉਣਾ / ਬਿਤਾਉਣਾ।
- ਨਾਮ ਜਪੋ : ਮਨੁੱਖ ਦੀਆਂ ਪੰਜ ਕਮਜ਼ੋਰੀਆਂ ਨੂੰ ਕਾਬੂ ਕਰਨ ਲਈ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ।

# ਆਸਾ ਦੀ ਵਾਰ

- **ਆਸਾ ਕੀ ਵਾਰ** (ਜਾਂ **ਵਾਰ ਆਸਾ**) ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਦਾ ਕਲਾਮ ਹੈ ਜੋ ਸਿੱਖਾਂ ਦੀ ਧਾਰਮਿਕ ਕਿਤਾਬ ਅਤੇ ਰਹਿਬਰ ਗੁਰੂ ਗ੍ਰੰਥ ਸਾਹਿਬ ਅਤੇ ਸਿੱਖਾਂ ਦੇ ਨਿਤਨੇਮ ਦਾ ਹਿੱਸਾ ਹੈ। ਇਸ ਬਾਣੀ ਨੂੰ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ 24 ਪਉੜੀਆਂ ਅਤੇ 59 ਸਲੋਕ ਸੰਗ੍ਰਹਿਤ ਕਰ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਸਵੇਰੇ ਸੁਵਖਤੇ ਦੀ ਅਰਦਾਸ ਦੇ ਤੌਰ ਸ਼ਾਮਲ ਕੀਤਾ।[1] ਇਸ ਵਿੱਚ ਕੁਝ ਸਲੋਕ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਦੇ ਵੀ ਸ਼ਾਮਲ ਕੀਤੇ ਗਏ ਹਨ ਜੋ ਪਉੜੀਆਂ ਦੇ ਥੀਮ ਤੇ ਸੰਦੇਸ਼ ਨਾਲ ਮੇਲ ਖਾਂਦੇ ਹਨ। ਇਹ ਬਾਣੀ ਸਮਕਾਲੀ ਸਮਾਜਿਕ, ਧਾਰਮਿਕ ਅਤੇ ਰਾਜਨੈਤਿਕ ਪਖੰਡਾਂ ਨੂੰ ਨੰਗਿਆਂ ਕਰਕੇ ਸੱਚ ਦਾ ਰਾਹ ਦਰਸਾਉਂਦੀ ਹੈ।

- **ਆਸਾ ਕੀ ਵਾਰ**, ਗੁਰੂ ਗ੍ਰੰਥ ਸਾਹਿਬ ਦੇ ਅੰਕ 462 ਤੋਂ ਲੈ ਕੇ 475 ਉੱਤੇ ਸੁਸ਼ੋਭਿਤ ਹੈ। ਇਸ ਬਾਣੀ ਨੂੰ ਅੰਮ੍ਰਿਤ ਵੇਲੇ ਰਾਗ ਆਸਾ ਵਿਚ 'ਟੁੰਡੇ ਅਸਰਾਜੇ ਕਈ ਧੁਨੀ'ਗਾਉਣ ਦਾ ਵਿਧਾਨ ਹੈ। ਇਹ ਵਾਰ ਗੁਰ ਨਾਨਕ ਦੇਵ ਜੀ ਦੀ ਸਰਬਪ੍ਰਿਯ ਅਤੇ ਪ੍ਰਸਿੱਧ ਰਚਨਾ ਹੈ। ਇਸ ਵਿੱਚ ਕੁਝ ਸਲੋਕ ਗੁਰੂ ਅੰਗਦ ਦੇਵ ਜੀ ਦੇ ਵੀ ਅੰਕਿਤ ਹਨ। ਇਨ੍ਹਾ ਸਲੋਕਾਂ ਵਿੱਚ 44 ਗੁਰੂ ਨਾਨਕ ਦੇਵ ਜੀ ਅਤੇ ਬਾਕੀ 15 ਸਲੋਕ ਗੁਰੂ ਅੰਗਦ ਦੇਵ ਜੀ ਦੁਆਰਾ ਰਚਿਤ ਹਨ। ਹਰ ਪਉੜੀ ਤੋਂ ਪਹਿਲਾਂ ਦੋ ਜਾਂ ਵਧੀਕ ਸਲੋਕ ਹਨ। ਇਸ ਵਾਰ ਵਿੱਚ ਵਰਤਿਆ ਪਉੜੀ ਰੂਪ (13, 16 ਮਾਤਰਾਂ) ਦਾ ਹੈ। ਪਉੜੀਆਂ ਨਾਲ ਸਲੋਕਾਂ ਦੀ ਵੰਡ ਇੱਕ ਸਮਾਨ ਨਹੀਂ ਹੈ। ਹਰ ਪਉੜੀ ਨਾਲ ਘੱਟੋ-ਘੱਟ ਦੋ ਅਤੇ ਵੱਧ ਤੋਂ ਵੱਧ ਪੰਜ ਸਲੋਕ ਹਨ। ਸਲੋਕ ਦੀਆਂ ਤੁਕਾਂ ਇਕਸਾਰ ਨਹੀਂ। ਦੋ ਤੋਂ ਲੈ ਕੇ 19 ਤੱਕ ਤੁਕਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਹਰ ਪਉੜੀ ਪੰਜ ਤੁਕਾਂ ਦੀ ਹੈ। ਹਰ ਪਉੜੀ ਦੀ ਅੰਤਿਮ ਤੁਕ ਬਾਕੀਆਂ ਦੇ ਮੁਕਾਬਲੇ ਨਿੱਕੀ ਹੈ ਅਤੇ ਉਸ ਵਿੱਚ ਸਾਰੀ ਪਉੜੀ ਦਾ ਤੱਤ-ਸਾਰ ਸਮੋਇਆ ਹੋਇਆ ਹੈ। ਇਸ ਵਿਧਾਨ ਦਾ ਪਾਲਣ ਕੇਵਲ 22ਵੀਂ ਪਉੜੀ ਵਿੱਚ ਨਹੀਂ ਹੋਇਆ ਜਿੱਥੇ ਪੰਜ ਦੀ ਥਾਂ ਛੇ ਤੁਕਾਂ ਹਨ। ਕੀਰਤਨੀ ਆਸਾ ਕੀ ਵਾਰ ਵਿਚ ਹਰੇਕ ਸਲੋਕ ਤੋਂ ਪਹਿਲਾਂ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦੁਆਰਾ ਆਸਾ ਰਾਗ ਵਿਚ ਉਚਾਰੇ 'ਛੱਕੇ' ਵੀ ਗਾਏ ਜਾਂਦੇ ਹਨ।

# ਜਪੁਜੀ ਸਾਹਿਬ

- **ਜਪੁ ਜੀ ਸਾਹਿਬ** (ਜਾਂ **ਜਪੁ ਜੀ**) ਗੁਰੂ ਨਾਨਕ ਦੇਵ ਦੀ ਲਿਖੀ ਬਾਣੀ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਪਹਿਲਾਂ ਦਰਜ ਹੈ।[1] ਇਸ ਵਿੱਚ ਮੂਲ ਮੰਤਰ, 38 ਪੌੜੀਆਂ ਅਤੇ 2 ਸਲੋਕ ਹਨ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1 ਤੋਂ ਅੰਗ 8 ਤੱਕ ਸੁਭਾਇਮਾਨ ਹੈ। ਇਹ ਇਕ ਪ੍ਰਬੰਧ ਕਾਵਿ ਹੈ ਭਾਵ ਕਿ ਇਸ ਵਿਚ ਵਿਚਾਰਾਂ ਨੂੰ ਇਕ ਕਾਵਿਕ ਲੜੀ ਵਿਚ ਪਰੋਇਆ ਗਿਆ ਹੈ। ਇਸ ਦੇ ਸ਼ੁਰੂ ਵਿੱਚ ਮੂਲ ਮੰਤਰ ਪਰਮਾਤਮਾ ਦੇ ਗੁਣ, ਮਿਜ਼ਾਜ ਅਤੇ ਸਰੂਪ ਬਾਰੇ ਦੱਸਦਾ ਹੈ। ਜਪੁਜੀ ਦਾ ਅਰਥ ਪਵਿੱਤਰ ਜਾਪੁ, ਅਦਵੈਤਵਾਦ ਅੱਤੇ ਇੱਕ-ਈਸ਼ਵਰਵਾਦ ਦਾ ਗੀਤ ਹੈ।[2] ਇਹ ਰਚਨਾ ਗੁਰੂ ਗ੍ਰੰਥ ਸਾਹਿਬ ਦਾ ਸਾਰ ਹੈ। ਜਪੁਜੀ ਸਾਹਿਬ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਦੀ ਕੇਂਦਰੀ ਭਾਵ ਸਪਸ਼ਟ ਕਰ ਦਿੰਦੀ ਹੈ।
- ਜਪੁਜੀ ਸਾਹਿਬ ਦੇ ਕੁੱਲ 40 ਅੰਗ ਹਨ, ਦਰਸ਼ਨ ਅਤੇ ਸੰਗੀਤ ਸਹਿਤ ਕੁੱਲ ਕਲਾ ਪਸਾਰਾਂ ਨਾਲ ਓਤਪੋਤ ਹੋ ਇੱਕ ਸੰਪੂਰਨ ਨਾਯਾਬ ਕਲਾਕ੍ਰਿਤੀ ਹਨ ਅਤੇ ਨਾਲੋਂ ਨਾਲ ਹਰ ਇਕਾਈ ਦੀ ਆਪਣੀ ਵੱਖੋਰੀ ਪਛਾਣ ਅਤੇ ਅਹਿਮੀਅਤ ਹੈ ਅਤੇ ਹਰੇਕ ਆਪਣੇ ਆਪ ਵਿੱਚ ਸੰਪੂਰਨ ਪ੍ਰਗੀਤਕ ਕਾਵਿਮਈ ਕਲਾਕ੍ਰਿਤੀ ਹੈ।